**BCM SCHOOL BASANT AVENUE DUGRI LUDHIANA**

**Class -12 Arts**

**Assignment Punjabi**

**1.ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰਾਂ ਦੀ ਚੋਣ ਕਰੋ-**

ਘੜੇ ਦਾ 'ਸ਼ਰੀਕ' ਫ਼ਰਿੱਜ ਜਾਂ ਵਾਟਰ-ਕੂਲਰ ਹੀ ਕਿਹਾ ਜਾ ਸਕਦਾ ਹੈ। ਫ਼ਰਿੱਜ ਨਾਲੋਂ ਘੜੇ ਦਾ ਪਾਣੀ ਕਈ ਗੱਲਾਂ ਵਿੱਚ ਉਪਯੋਗੀ ਮੰਨਿਆ ਗਿਆ ਹੈ। ਜੇ ਰਾਤ ਨੂੰ ਭਰੇ ਪਾਣੀ ਦੇ ਘੜੇ ਵਿੱਚੋਂ ਸਵੇਰੇ ਉੱਠਦਿਆਂ ਹੀ ਦੋ-ਤਿੰਨ ਗਲਾਸ ਪਾਣੀ ਪੀ ਲਏ ਜਾਣ ਤਾਂ ਸਰੀਰ ਤੰਦਰੁਸਤ ਰਹਿੰਦਾ ਹੈ। ਵਿਅਕਤੀ ਹਲਕਾ-ਫੁਲਕਾ ਮਹਿਸੂਸ ਕਰਦਾ ਹੈ। ਘੜੇ ਦਾ ਪਾਣੀ ਹਰ ਰੁੱਤ ਵਿੱਚ ਪੀਤਾ ਜਾ ਸਕਦਾ ਹੈ। ਸਰਦੀ ਦੇ ਮੌਸਮ ਵਿੱਚ ਘੜੇ ਦਾ ਪਾਣੀ ਠਾਰ ਭੰਨ ਕੇ ਪੀਤਾ ਜਾ ਸਕਦਾ ਹੈ। ਕਹਿੰਦੇ ਹਨ ਕਿ ਸਾਡਾ ਸਰੀਰ ਪੰਜ ਤੱਤਾਂ: ਮਿੱਟੀ, ਹਵਾ, ਪਾਣੀ, ਅਗਨੀ ਤੇ ਅਕਾਸ਼ ਦਾ ਬਣਿਆ ਹੋਇਆ ਹੈ। ਘੜੇ ਦੇ ਪਾਣੀ ਵਿੱਚ ਇਹ ਸਾਰੇ ਤੱਤ ਸੁਭਾਵਿਕ ਹੀ ਇੱਕ-ਮਿੱਕ ਹੋਏ ਮਿਲਦੇ ਹਨ। ਘੜੇ ਦਾ ਤਾਂ ਜਨਮ ਹੀ ਮਿੱਟੀ ਵਿੱਚੋਂ ਹੁੰਦਾ ਹੈ। ਪਾਣੀ ਨਾਲ ਮਿੱਟੀ ਗੁੰਨ੍ਹ ਕੇ, ਖੁੱਲ੍ਹੇ ਅਕਾਸ਼ ਹੇਠ, ਚੱਕ ਉੱਤੇ ਪੌਣ ਦੇ ਮਿੱਠੇ ਹਿਲੋਰਿਆਂ ਨਾਲ ਕਾਰੀਗਰ ਮਿੱਟੀ ਵਿੱਚ ਜਾਨ ਪਾਉਂਦਾ ਹੈ, ਅਗਨੀ ਘੜੇ ਨੂੰ ਪਕਾਉਂਦੀ ਹੈ। ਕੁਝ ਵੀ ਹੋਵੇ ਘੜੇ ਦਾ ਪਾਣੀ ਤਾਂ ਮਨੁੱਖ ਦੀ ਅੰਤਿਮ ਯਾਤਰਾ ਸਮੇਂ ਵੀ ਸਾਥ ਨਿਭਾਉਂਦਾ ਹੈ। ਘੜਾ ਭੰਨਣਾ ਸਾਡੇ ਸੱਭਿਆਚਾਰ ਵਿੱਚ ਅੰਤਿਮ ਸਮੇਂ ਦੀ ਇੱਕ ਰਸਮ ਵੀ ਹੈ।

ਪ੍ਰਸ਼ਨ. ਘੜੇ ਦਾ ਸ਼ਰੀਕ ਕੌਣ ਹੈ?

(ੳ) ਫਰਿੱਜ

(ਅ) ਵਾਟਰ ਕੂਲਰ

(ੲ) ਵੱਡਾ ਮਟਕਾ

(ਸ) (ੳ) ਤੇ (ਅ) ਦੋਵੇਂ

ਪ੍ਰਸ਼ਨ. ਕਿਹੜੇ ਮੌਸਮ ਵਿੱਚ ਘੜੇ ਦਾ ਪਾਣੀ ਠਾਰ ਭੰਨ ਕੇ ਪੀਤਾ ਜਾ ਸਕਦਾ ਹੈ?

(ੳ) ਗਰਮੀ ਵਿੱਚ

(ਅ) ਸਰਦੀ ਵਿੱਚ

(ੲ) ਬਸੰਤ ਰੁੱਤ ਵਿੱਚ

(ਸ) ਇਨ੍ਹਾਂ ਵਿੱਚ ਕੋਈ ਨਹੀਂ

ਪ੍ਰਸ਼ਨ. ਸਾਡਾ ਸਰੀਰ ਕਿੰਨੇ ਤੱਤਾਂ ਦਾ ਬਣਿਆ ਹੋਇਆ ਹੈ?

(ੳ) ਚਾਰ

(ਅ) ਤਿੰਨ

(ੲ) ਸੱਤ

(ਸ) ਪੰਜ

ਪ੍ਰਸ਼ਨ. ਘੜੇ ਦਾ ਜਨਮ ਕਿਸ ਵਿੱਚੋਂ ਹੁੰਦਾ ਹੈ?

(ੳ) ਦੇਹ ਵਿੱਚੋਂ

(ਅ) ਸੁਆਹ ਵਿੱਚੋਂ

(ੲ) ਮਿੱਟੀ ਵਿੱਚੋਂ

(ਸ) ਰੇਤ ਵਿੱਚੋਂ

ਪ੍ਰਸ਼ਨ. ਸਾਡੇ ਸੱਭਿਆਚਾਰ ਵਿੱਚ ਘੜੇ ਨਾਲ ਸੰਬੰਧਿਤ ਅੰਤਿਮ ਸਮੇਂ ਦੀ ਰਸਮ ਕਿਹੜੀ ਹੈ?

(ੳ) ਘੜਾ ਚੁੱਕਣਾ

(ਅ) ਘੜਾ ਭੰਨਣਾ

(ੲ) ਘੜਾ ਰੋੜ੍ਹਨਾ

(ਸ) ਘੜਾ ਭਰਨਾ

ਪ੍ਰਸ਼ਨ. ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਕੀ ਹੋਵੇਗਾ?

( ੳ) ਘੜਾ

(ਅ) ਘੜੇ ਦਾ ਮਹੱਤਵ

(ੲ) ਘੜੇ ਦੀ ਬਣਤਰ

(ਸ) ਇਹਨਾਂ ਵਿੱਚੋਂ ਕੋਈ ਨਹੀਂ

2. **ਪੱਤਰ ਰਚਨਾ** -ਤੁਸੀਂ ਆਪਣੇ ਕੈਫੇ ਲਈ ਕਿਸੇ ਕੰਪਨੀ ਦਾ ਕੰਪਿਊਟਰ ਸੰਗਮ ਕੰਪਿਊਟਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ ਖਰੀਦ ਰਿਹਾ ਸੀ ।ਕੰਪਿਊਟਰ ਵਿੱਚ ਆਈਆਂ ਖਰਾਬੀਆਂ ਬਾਰੇ ਉਕਤ ਫਰਮ ਨੂੰ ਪੱਤਰ ਲਿਖੋ।

**3. ਪੈਰਾ ਰਚਨਾ**- ਸਲੀਕਾ

**4. ਹੇਠ ਲਿਖੇ ਅਖਾਣਾਂ ਨੂੰ ਇਸ ਢੰਗ ਨਾਲ ਵਾਕਾਂ ਵਿੱਚ ਵਰਤੋ ਕਿ ਅਰਥ ਸਪਸ਼ਟ ਹੋ ਜਾਣ-**

ਸਾਰਾ ਜਾਂਦਾ ਦੇਖੀਏ ਅੱਧਾ ਦੇਖੀਏ ਵੰਡ, ਕੋਹ ਨਾ ਚੱਲੀ ਬਾਬਾ ਤਿਹਾਈ,

ਵਾਹ ਪਿਆ ਜਾਣੀਏ ਜਾ ਰਾਹ ਪਿਆ ਜਾਣੀਏ ।

**5. ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ ਵਟਾਂਦਰਾ ਕਰੋ-**

1. ਮਿਹਨਤੀ ਆਦਮੀ ਹਮੇਸ਼ਾ ਸਫਲਤਾ ਪ੍ਰਾਪਤ ਕਰਦਾ ਹੈ। **ਮਿਸ਼ਰਤ ਵਾਕ**

2. ਅਮਰਜੀਤ ਨੂੰ ਸ਼ੁਰੂ ਤੋਂ ਹੀ ਦੇਰੀ ਨਾਲ ਉੱਠਣ ਦੀ ਆਦਤ ਸੀ।

**ਨਾਂਹ ਵਾਚਕ**

**6. ਪ੍ਰਸੰਗ ਸਹਿਤ ਵਿਆਖਿਆ ਕਰੋ-**

ਫਿਰ ਵੀ ਕੰਮ ਕਰਾਵਣ ਵਾਲੇ, ਮਾਰ ਮਾਰ ਕੇ ਫਾਂਟਾ।

ਮਾਸੂਮਾਂ ਦੇ ਪਿੰਡਿਆਂ ਉੱਤੇ ਚਾੜ੍ਹੀ ਜਾਣ ਸਲਾਂਟਾ,

ਇਦਾਂ ਮਜ਼ਦੂਰਾਂ ਦੀ ਝਾਕੀ, ਜਦ ਮੈਨੂੰ ਦਿਸ ਆਈ।

ਨਾਲ ਪੀੜ ਦੇ ਕਲਵਲ ਹੋ ਕੇ, ਰੂਹ ਮੇਰੀ ਕੁਰਲਾਈ।

7. ਨੀਲੀ ਕਹਾਣੀ ਦਾ ਵਿਸ਼ਾ ਵਸਤੂ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ ।

**8. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ-**

1. ਪ੍ਰੋਫੈਸਰ ਐਮ. ਐਲ. ਮਲਹੋਤਰਾ ਕਿਹੋ ਜਿਹਾ ਵਿਅਕਤੀ ਸੀ?

2. ਮਾੜਾ ਬੰਦਾ ਕਹਾਣੀ ਦੇ ਲੇਖਕ ਬਾਰੇ ਤੁਹਾਡੇ ਕੀ ਵਿਚਾਰ ਹਨ ਆਪਣੇ ਸ਼ਬਦਾਂ ਵਿੱਚ ਲਿਖੋ।

**9. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 70 -80 ਸ਼ਬਦਾਂ ਵਿੱਚ ਦਿਓ-**

1. ਰਸਮ ਰਿਵਾਜਾਂ ਦੇ ਪੈਦਾ ਹੋਣ ਦੇ ਕਿਹੜੇ- ਕਿਹੜੇ ਕਾਰਨ ਦੱਸੇ ਗਏ ਹਨ?

2. ਇਸਤਰੀਆਂ ਦੇ ਮੁੱਖ ਲੋਕ ਨਾਚਾਂ ਦਾ ਸੰਖੇਪ ਵਰਨਣ ਕਰੋ।